# ਕਿਸੇ ਟਕਰਾਅ ਜਾਂ ਸੰਭਾਵੀ ਹਿੰਸਕ ਸਥਿਤੀ ਦੀ ਤੀਬਰਤਾ ਵਿੱਚ ਕਮੀ ਲਿਆਉਣ ਲਈ ਕਾਰਵਾਈ ਗਾਈਡ



**ਮਹਤੱਵਪੂਰਨ ਬੁਨਿਆਦੀ ਢਾਂਚੇ ਅਤੇ ਜਨਤਕ ਇਕੱਠ ਵਾਲੀਆਂ ਥਾਵਾਂ ਨੂੰ ਇੱਕ ਗਤੀਸ਼ੀਲ ਖਤਰੇ ਵਾਲੇ ਪਰਿਵੇਸ਼ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਜਿਸ ਲਈ ਹਿੰਸਾ ਦੇ ਖ਼ਤਰੇ ਨੂੰ ਘਟਾਉਣ ਲਈ ਕਈ ਤਰ੍ਹਾਂ ਦੇ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਦੀ ਲੋੜ ਹੁੰਦੀ ਹੈ।** ਸੰਭਾਵੀ ਹਿੰਸਕ ਸਥਿਤੀ ਦੀ ਪਛਾਣ ਕਰਨ ਅਤੇ ਘਟਨਾ ਹੋਣ ਦੀ ਸਥਿਤੀ ਵਿੱਚ ਕਮੀ ਲਿਆਉਣ ਲਈ ਸੰਗਠਨ ਤੁਰੰਤ ਕਾਰਵਾਈ ਕਰਨ ਲਈ ਕਰਮਚਾਰੀਆਂ ਨੂੰ ਸਿਖਲਾਈ ਦੇ ਕੇ ਮੌਜੂਦਾ ਸੁਰੱਖਿਆ ਪ੍ਰੋਟੋਕੋਲ ਨੂੰ ਬਿਹਤਰ ਬਣਾ ਸਕਦੇ ਹਨ। ਸਾਈਬਰ ਸੁਰੱਖਿਆ ਅਤੇ ਬੁਨਿਆਦੀ ਢਾਂਚਾ ਸੁਰੱਖਿਆ ਏਜੰਸੀ (Cybersecurity and Infrastructure Security Agency, CISA) ਸੁਰੱਖਿਆ ਕਰਨ ਵਾਲੇ ਅਤੇ ਗੈਰ-ਸੁਰੱਖਿਆ ਵਾਲੇ ਸਟਾਫ਼ ਨੂੰ ਇਨ੍ਹਾਂ ਮਹੱਤਵਪੂਰਨ ਹੁਨਰਾਂ ਨਾਲ ਸਸ਼ਕਤ ਬਣਾ ਕੇ ਸੰਗਠਨਾਂ ਦੀ ਸਹਾਇਤਾ ਲਈ ਸੋਮਿਆਂ ਦਾ ਇੱਕ ਇਕੱਠ ਪੇਸ਼ ਕਰਦੀ ਹੈ।

ਇਹ ਕਾਰਵਾਈ ਗਾਈਡ ਸੰਭਾਵੀ ਹਿੰਸਕ ਸਥਿਤੀ ਨੂੰ ਘਟਾਉਣ ਲਈ ਚੁੱਕੇ ਜਾਣ ਵਾਲੇ ਮੁੱਢਲੇ ਕਦਮਾਂ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ CISA ਡੀ-ਐਸਕੇਲੇਸ਼ਨ ਸੀਰੀਜ਼[1] ਨੂੰ ਇਸ ਸਿੰਗਲ, ਵਰਤੋਂ ਵਿੱਚ ਆਸਾਨ ਸੋਮੇ ਵਿੱਚ ਜੋੜਦੀ ਹੈ।

> **"ਡੀ-ਐਸਕੇਲੇਸ਼"** ਦਾ ਮਤਲਬ ਕਿਸੇ ਮੁਕਾਬਲੇ ਦੌਰਾਨ ਸੰਚਾਰ ਜਾਂ ਹੋਰ ਤਕਨੀਕਾਂ ਦੀ ਵਰਤੋਂ ਕਰਨਾ ਹੈ ਤਾਂ ਜੋ ਸਰੀਰਕ ਤਾਕਤ ਦੀ ਵਰਤੋਂ ਕੀਤੇ ਬਿਨਾਂ ਜਾਂ ਤਾਕਤ ਵਿੱਚ ਕਮੀ ਲਿਆ ਕੇ ਕਿਸੀ ਸੰਭਾਵੀ ਹਿੰਸਕ ਸਥਿਤੀ ਨੂੰ ਸਥਿਰ, ਹੌਲੀ ਜਾਂ ਤੀਬਰਤਾ ਵਿੱਚ ਕਮੀਲਿਆਈ ਜਾ ਸਕੇ।"[2]

CISA ਪ੍ਰਭਾਵਸ਼ਾਲੀ ਡੀ-ਐਸਕੇਲੇਸ਼ਨ ਲਈ ਗਤੀਵਿਧੀਆਂ ਦੀਆਂ ਚਾਰ ਸ਼੍ਰੇਣੀਆਂ ਦੀ ਪਛਾਣ ਕਰਦਾ ਹੈ:

| ਪਛਾਣ ਕਰਨਾ | ਮੁਲਾਂਕਣ ਕਰਨਾ | ਤੀਬਰਤਾ ਵਿੱਚ ਕਮੀ ਲਿਆਉਣਾ | ਰਿਪੋਰਟ ਕਰਨਾ |
|---|---|---|---|

## ਪਛਾਣ ਕਰਨਾ

ਹਿੰਸਾ ਦੀ ਰੋਕਥਾਮ ਕਰਨ ਲਈ ਕਿਸੇ ਵਿਅਕਤੀ ਦੇ ਹਿੰਸਾ ਦੇ ਰਸਤੇ ਦੇ ਜਾਣ ਵਾਲੇ ਚੇਤਾਵਨੀ ਸੰਕੇਤਾਂ ਅਤੇ ਵਿਵਹਾਰਕ ਸੂਚਕਾਂ **ਨੂੰ ਪਛਾਣਨਾ** ਮਹੱਤਵਪੂਰਨ ਹੈ। ਜਿਹੜੇ ਵਿਅਕਤੀ ਨਿਸ਼ਾਨਾਬੱਧ ਹਿੰਸਾ ਦੀਆਂ ਕਾਰਵਾਈਆਂ ਕਰਨ ਦੀ ਯੋਜਨਾ ਬਣਾਉਂਦੇ ਹਨ, ਉਹ ਅਕਸਰ ਸਮੇਂ ਦੇ ਨਾਲ-ਨਾਲ ਧਮਕੀ ਭਰੇ ਅਤੇ ਚਿੰਤਾਜਨਕ ਵਿਵਹਾਰ ਦਰਸਾਉਂਦੇ ਹਨ, ਜੋ ਉਨ੍ਹਾਂ ਦੇ ਨੇੜੇ ਦੇ ਲੋਕ ਵੀ ਵੇਖ ਸਕਦੇ ਹਨ। ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਕਿਸੇ ਵਿਅਕਤੀ ਦਾ ਮੂਲ ਵਿਵਹਾਰ ਅਗਿਆਤ ਹੁੰਦਾ ਹੈ, ਫੈਸਲੇ ਇਸ ਗੱਲ ਤੇ ਆਧਾਰਤ ਹੋਣੇ ਚਾਹੀਦੇ ਹਨ ਕਿ ਉਹ ਵਿਅਕਤੀ ਕਿਵੇਂ ਵਿਵਹਾਰ ਕਰ ਰਿਹਾ/ਰਹੀ ਹੈ ਅਤੇ ਉਸ ਸਥਿਤੀ ਲਈ ਆਮ ਵਿਵਹਾਰ ਕੀ ਹੋਵੇਗਾ।[3]

> ਜੇਕਰ ਕੋਈ ਪ੍ਰਤੀਕੂਲ ਕਾਰਵਾਈ ਹੋਣ ਵਾਲੀ ਹੈ ਜਾਂ ਵਾਪਰ ਰਹੀ ਹੈ, ਤਾਂ ਆਪਣੇ ਆਪ ਨੂੰ ਉਸ ਸਥਿਤੀ ਤੋਂ ਬਾਹਰ ਕੱਢੋ ਅਤੇ ਜੇ ਸੰਭਵ ਹੋਵੇ ਤਾਂ ਸੁਰੱਖਿਆ ਪ੍ਰਾਪਤਕਰੋ। ਜਿੰਨੀ ਜਲਦੀ ਤੋਂ ਜਲਦੀ ਅਜਿਹਾ ਕਰਨਾ ਸੁਰੱਖਿਅਤ ਹੋਵੇ, ਉਸ ਪ੍ਰਤੀਕੂਲ ਕਾਰਵਾਈ ਦੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਰਿਪੋਰਟ ਕਰੋ।

**ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਚਿੰਤਾਜਨਕ ਵਿਵਹਾਰ ਜਾਂ ਗਤੀਵਿਧੀਆਂ ਦੀ ਪਛਾਣ ਕੀਤੀ ਗਈ ਹੈ, ਵਿਅਕਤੀਆਂ ਨੂੰ:**

- ਹਮਲਾਵਰਤਾ ਦੇ ਦੇਖਣਯੋਗ ਵਿਵਹਾਰਕ ਸੂਚਕਾਂ 'ਤੇ ਨਿਰਭਰ ਕਰਨਾ ਚਾਹੀਦਾ ਹੈ।
- ਉਸ ਸਥਿਤੀ, ਸੰਦਰਭ, ਜਾਂ ਸਥਾਨ ਵਿੱਚ ਆਮ ਵਿਵਹਾਰ ਕੀ ਮੰਨਿਆ ਜਾਂਦਾ ਹੈ, ਇਸ ਬਾਰੇ ਜਾਣਕਾਰੀ ਦੇ ਆਧਾਰ 'ਤੇ ਸੂਚਿਤ ਫੈਸਲੇ ਲੈਣੇ ਚਾਹੀਦੇ ਹਨ।
- ਦੂਜਿਆਂ ਨੂੰ ਸੂਚਿਤ ਕਰੋ ਕਿ ਕੀ ਦੇਖਿਆ ਗਿਆ ਹੈ ਜਾਂ ਕੀ ਪਤਾ ਹੈ।
- ਆਪਣੇ ਸੰਗਠਨ ਦੀਆਂ ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਕਿਸੇ ਸੁਪਰਵਾਈਜ਼ਰ, ਸੁਰੱਖਿਆ ਸਟਾਫ਼, ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਸੂਚਿਤ ਕਰੋ।

ਧਿਆਨ ਦਿਓ

1 CISA, ਡੀ-ਐਸਕੇਲੇਸ਼ਨ ਸੀਰੀਜ਼: *cisa.gov/de-escalation-series*

2 ਡਿਪਾਰਟਮੇਂਟ ਔਫ਼ ਹੋਮਲੈਂਡ ਸਿਕਿਓਰਿਟੀ ਦਾਨੀਤੀ ਸੰਬੰਧੀ ਕਥਨ 044-05, *dhs.gov/Law Enforcement* | *Homeland Security*

3 ਇਹ ਮਾਰਗਦਰਸ਼ਨ ਉਨ੍ਹਾਂ ਗਤੀਵਿਧੀਆਂ ਅਤੇ ਵਿਵਹਾਰਾਂ ਦਾ ਵਰਣਨ ਕਰਦਾ ਹੈ ਜੋ ਆਉਣ ਵਾਲੀ ਹਿੰਸਾ ਨਾਲ ਸੰਬੰਧਿਤ ਹੋ ਸਕਦੀ ਹੈ ਜਾਂ ਸੰਕੇਤਕ ਹੋ ਸਕਦੀਆਂ ਹਨ ਪਰ ਸੰਵਿਧਾਨਕ ਤੌਰ 'ਤੇ ਵੀ ਸੁਰੱਖਿਅਤ ਹਨ। ਸਿਰਫ਼ ਉਦੋਂ ਹੀ ਰਿਪੋਰਟ ਕਰੋ ਜਦੋਂ ਕਿਸੇ ਤਰਕਸ਼ੀਲ ਨਿਸ਼ਕਰਸ਼ ਦਾ ਸਮਰਥਨ ਕਰਨ ਲਈ ਕਾਫ਼ੀ ਤੱਥ ਮੌਜੂਦ ਹੋਣ ਕਿ ਵਿਵਹਾਰ ਜਾਂ ਗਤੀਵਿਧੀ ਹਿੰਸਾ ਦੇ ਸੰਭਾਵੀ ਖ਼ਤਰੇ ਨੂੰ ਦਰਸਾਉਂਦੀ ਹੈ ਅਤੇ ਸਿਰਫ਼ ਨਸਲ, ਧਰਮ, ਲਿੰਗ, ਜਿਨਸੀ ਝੁਕਾਅ, ਉਮਰ, ਅਪੰਗਤਾ, ਜਾਂ ਸਿਰਫ਼ ਅਜਿਹੇ ਕਾਰਕਾਂ ਦੇ ਸੁਮੇਲ 'ਤੇ ਅਧਾਰਤ ਨਹੀਂ ਹੈ। ਇਸ ਮਾਰਗਦਰਸ਼ਨ ਵਿੱਚ ਦੱਸੇ ਗਏ ਤਰੀਕੇ, ਤਕਨੀਕਾਂ ਅਤੇ ਰਣਨੀਤੀਆਂ ਵਿਚਾਰ ਕਰਨ ਯੋਗ ਵਿਕਲਪ ਹਨ। ਇਨ੍ਹਾਂ ਦਾ ਉਦੇਸ਼ ਨੀਤੀ ਨੂੰ ਆਦੇਸ਼ ਬਣਾਉਣਾ ਜਾਂ ਕਿਸੇ ਕਾਰਵਾਈ ਨੂੰ ਨਿਰਦੇਸ਼ਿਤ ਕਰਨਾ ਨਹੀਂ ਹੈ। CISA ਹਿੰਸਕ ਘਟਨਾਵਾਂ ਨੂੰ ਰੋਕਣ ਵਿੱਚ ਇਸ ਮਾਰਗਦਰਸ਼ਨ ਦੀ ਅਸਫਲਤਾ ਲਈ ਕੋਈ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦਾ ਹੈ।

## ਮੁਲਾਂਕਣ ਕਰਨਾ

ਵਿਵਹਾਰ ਜਾਂ ਸੰਦੇਹਜਨਕ ਗਤੀਵਿਧੀ ਹੋਣ ਦਾ **ਮੁਲਾਂਕਣ ਕਰਨਾ** ਇੱਕ ਨਿਰੰਤਰ ਕੀਤੀ ਜਾਣ ਵਾਲੀ ਪ੍ਰਕਿਰਿਆ ਹੈ ਅਤੇ ਸਥਿਤੀ ਦਾ ਮੁਲਾਂਕਣ ਕਰਨ ਵਾਲੇ ਵਿਅਕਤੀ ਨੂੰ ਇਹ ਨਿਰਧਾਰਤ ਕਰਨ ਦੀ ਲੋੜ ਹੁੰਦੀ ਹੈ ਕਿ ਕੀ ਫੌਰਨ ਐਮਰਜੈਂਸੀ ਪ੍ਰਤੀਕਿਰਿਆ ਕਰਨ ਦੀ ਲੋੜ ਹੈ, ਕੀ ਕਿਸੇ ਟਕਰਾਅ ਜਾਂ ਸੰਭਾਵੀ ਹਿੰਸਕ ਸਥਿਤੀ ਦੀ ਤੀਬਰਤਾ ਵਿੱਚ ਕਮੀ ਲਿਆਉਣਾ ਸੰਭਵ ਹੈ, ਜਾਂ ਕੀ ਅੱਗੇ ਹੋਰ ਰਸਮੀ ਮੁਲਾਂਕਣ ਕਰਨ ਦੀ ਲੋੜ ਹੈ।

**ਸਥਿਤੀ ਦਾ ਮੁਲਾਂਕਣ ਕਰਨ ਵੇਲੇ, ਵਿਅਕਤੀ ਨੂੰ:**

- ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਕਿਹੜੇ ਚਿੰਤਾਜਨਕ ਵਿਵਹਾਰਾਂ ਜਾਂ ਗਤੀਵਿਧੀਆਂ ਨੂੰ ਹੁੰਦਾ ਦੇਖਿਆ ਗਿਆ ਹੈ।
- ਨਿਰਧਾਰਨ ਕਰਨਾ ਚਾਹੀਦਾ ਹੈ ਕਿ ਕੀ ਖ਼ਤਰਾ ਮੌਜੂਦ ਹੈ।
- ਮੁਲਾਂਕਣ ਕਰਨਾ ਚਾਹੀਦਾ ਹੈ ਕਿ ਚਿੰਤਾਜਨਕ ਵਿਅਕਤੀ ਸੰਪਰਕ ਕੀਤੇ ਜਾਣ 'ਤੇ ਕਿਵੇਂ ਪ੍ਰਤੀਕਿਰਿਆ ਕਰੇਗਾ ਜਾਂ ਕਿਵੇਂ ਜਵਾਬਦੇਹੀ ਕਾਰਵਾਈ ਕਰੇਗਾ।

## ਤੀਬਰਤਾ ਵਿੱਚ ਕਮੀ ਲਿਆਉਣਾ

ਕਿਸੇ ਸਥਿਤੀ ਦੀ **ਗੰਭੀਰਤਾ ਨੂੰ ਘਟਾਉਣ** ਵਿੱਚ ਇੱਕ ਅਸਥਿਰ ਸਥਿਤੀ ਨੂੰ ਸ਼ਾਂਤ ਕਰਨ ਲਈ ਉਦੇਸ਼ਪੂਰਨ ਕਾਰਵਾਈਆਂ ਕਰਨਾ ਸ਼ਾਮਲ ਹੁੰਦਾ ਹੈ ਅਤੇ ਜੇਕਰ ਅਜਿਹਾ ਕਰਨਾ ਸੁਰੱਖਿਅਤ ਹੋਵੇ ਤਾਂ ਸਿਖਲਾਈ ਪ੍ਰਾਪਤ ਅਤੇ ਨਿਪੁੰਨ ਕਰਮਚਾਰੀਆਂ ਦੁਆਰਾ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਸਰੀਰਕ ਤਾਕਤ ਦੀ ਵਰਤੋਂ ਕੀਤੇ ਬਿਨਾਂ ਕਿਸੇ ਸੰਭਾਵੀ ਹਿੰਸਕ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਸਮੇਂ, ਵਿਅਕਤੀਆਂ ਨੂੰ:

| ਉਦੇਸ਼ਪੂਰਨ ਕਾਰਵਾਈ ਕਰਨੀ ਚਾਹੀਦੀ ਹੈ | ਹਮਦਰਦੀ ਦੇ ਨਾਲ ਗੱਲਬਾਤ ਕਰਨੀ ਚਾਹੀਦੀ ਹੈ | ਸਰੀਰਕ ਹਾਵ-ਭਾਵ ਦੀ ਨਿਗਰਾਨੀ ਕਰਨੀ ਚਾਹੀਦੀ ਹੈ |
|---|---|---|
| ਸ਼ਾਂਤ ਰਹਿਣਾ ਚਾਹੀਦਾ ਹੈ | ਲਹਿਜੇ ਅਤੇ ਅਵਾਜ਼ ਦੀ ਵੌਲਯੂਮ ਦਾ ਧਿਆਨ ਰੱਖੋ | ਸਹਿਜ ਅਤੇ ਸੁਚੇਤ ਰੁਖ ਬਣਾਈ ਰੱਖੋ |
| ਸੈਟਿੰਗ ਬਦਲੋ (ਜੇ ਉਚਿਤ ਹੋਵੇ) | ਆਪਣੇ ਸ਼ਬਦਾਂ ਦੀ ਧਿਆਨ ਨਾਲ ਚੋਣ ਕਰੋ | ਹੱਥ ਥੱਲੇ, ਖੁੱਲ੍ਹੇ, ਅਤੇ ਸਾਮ੍ਹਣੇ ਰੱਖੋ |
| ਨਿੱਜੀ ਥਾਂ ਦਾ ਸਨਮਾਨ ਕਰੋ (ਬਹੁਤ ਨੇੜੇ ਨਾ ਜਾਓ) | ਬੋਲਣ ਦੀ ਗਤੀ ਸਮਾਯੋਜਿਤ ਕਰੋ | ਹੌਲੇ ਅਤੇ ਸੋਚ-ਸਮਝ ਕੇ ਕੋਈ ਕਾਰਵਾਈ ਕਰੋ |
| ਧਿਆਨ ਨਾਲ ਸੁਣੋ | ਸ਼ਬਦਾਂ ਦੇ ਬਦਲਾਵ ਨੂੰ ਸਮਾਯੋਜਿਤ ਕਰੋ | ਇੱਕ ਨਿਰਪੱਖ ਅਤੇ ਧਿਆਨ ਦੇਣ ਵਾਲੇ ਚਿਹਰੇ ਦੇ ਹਾਵ-ਭਾਵ ਬਣਾਈ ਰੱਖੋ |

ਯਾਦ ਰੱਖੋ:

- ਤੁਹਾਡੀ ਸੁਰੱਖਿਆ ਅਤੇ ਦੂਜਿਆਂ ਦੀ ਸੁਰੱਖਿਆ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ।
- ਆਪਣੀਆਂ ਸੀਮਾਵਾਂ ਨੂੰ ਜਾਣੋ ਅਤੇ ਜੇ ਲੋੜੀਂਦਾ ਹੋਵੇ ਤਾਂ ਸਹਾਇਤਾ ਪ੍ਰਾਪਤ ਕਰੋ।

## ਰਿਪੋਰਟ ਕਰਨਾ

ਕੰਮ ਵਾਲੀ ਥਾਂ ਅਤੇ ਭਾਈਚਾਰੇ ਵਿੱਚ ਹਿੰਸਾ ਨੂੰ ਰੋਕਣ ਲਈ **ਰਿਪੋਰਟ ਕਰਨਾ** ਬਹੁਤ ਜ਼ਰੂਰੀ ਹੈ। ਆਪਣੀ ਸੰਸਥਾ ਜਾਂ ਭਾਈਚਾਰੇ ਦੇ ਰਿਪੋਰਟ ਕਰਨ ਦੇ ਤਰੀਕਿਆਂ ਰਾਹੀਂ ਜਾਣਕਾਰੀ ਸਾਂਝੀ ਕਰਦੇ ਸਮੇਂ, ਜੋ ਦੇਖਿਆ ਜਾਂ ਸੁਣਿਆ ਗਿਆ ਹੈ ਉਸ ਦੇ ਤੱਥ ਪ੍ਰਦਾਨ ਕਰਨਾ ਯਕੀਨੀ ਬਣਾਓ ਅਤੇ ਅਨੁਮਾਨ ਲਗਾਉਣ ਤੋਂ ਬਚੋ।

ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਰਿਪੋਰਟ ਕਰਨਾ ਕਿਸੇ ਘਟਨਾ ਦੇ ਵਾਪਰਨ ਤੋਂ ਪਹਿਲਾਂ ਸੰਦੇਹਜਨਕ ਵਿਅਕਤੀ ਦੀ ਮਦਦ ਪ੍ਰਾਪਤ ਕਰਨ ਲਈ ਲੋੜੀਂਦੀ ਜਾਣਕਾਰੀ ਦੇ ਮੁੱਖ ਹਿੱਸੇ ਪ੍ਰਦਾਨ ਕਰ ਸਕਦੀ ਹੈ ਅਤੇ ਧਮਕੀ ਦੇ ਮੁਲਾਂਕਣ ਅਤੇ ਪ੍ਰਬੰਧਨ ਟੀਮਾਂ ਲਈ ਮਦਦਗਾਰ ਹੋ ਸਕਦੀ ਹੈ।

ਜੇਕਰ ਹਿੰਸਾ ਫੌਰਨ ਹੋਣ ਦੀ ਸੰਭਾਵਨਾ ਹੈ, ਤਾਂ **ਫੌਰਨ 9-1-1 'ਤੇ ਸੰਪਰਕ ਕਰੋ**। ਜੇਕਰ ਸੁਰੱਖਿਆ ਲਈ ਕੋਈ ਫੌਰੀ ਖ਼ਤਰਾ ਨਹੀਂ ਹੈ, ਤਾਂ ਸੰਗਠਨਾਤਮਕ ਜਾਂ ਭਾਈਚਾਰੇ ਦੇ ਰਿਪੋਰਟ ਕਰਨ ਦੇ ਤਰੀਕਿਆਂ ਦੀ ਪਾਲਣਾ ਕਰੋ।

**ਜਦੋਂ ਰਿਪੋਰਟ ਕਰ ਰਹੇ ਹੋਣ, ਤਾਂ ਵਿਅਕਤੀਆਂ ਨੂੰ:**

- ਵਿਵਹਾਰਾਂ, ਟਿੱਪਣੀਆਂ, ਅਤੇ/ਜਾਂ ਧਮਕੀਆਂ ਸੰਬੰਧੀ ਦੇਖੇ ਗਏ ਮਾਮਲਿਆਂ ਦੀ ਸਹੀ ਪ੍ਰਕਿਰਤੀ ਅਤੇ ਸੰਦਰਭ ਬਾਰੇ ਹੀ ਸੂਚਿਤ ਕਰਨਾ ਚਾਹੀਦਾ ਹੈ।
- (ਜੇ ਪਤਾ ਹੋਵੇ) ਉਸ ਵਿਅਕਤੀ ਦੀ ਪਛਾਣ ਕਰਨੀ ਚਾਹੀਦੀ ਹੈ ਜਿਸ ਨੇ ਧਮਕੀ ਦਿੱਤੀ ਹੈ।
- ਉਸ ਵਿਅਕਤੀ ਦੁਆਰਾ ਕਿਸੇ ਵੀ ਬਹਿਸ ਜਾਂ ਟਕਰਾਅ ਵਾਲੀ ਕਾਰਵਾਈ ਜਾਂ ਲਈ ਗਈ ਸੁਰੱਖਿਆ ਤੋਂ ਬਚਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਵਰਣਨ ਕਰਨਾ ਚਾਹੀਦਾ ਹੈ।
- ਉਸ ਵਿਅਕਤੀ ਨੂੰ ਹੋਣ ਵਾਲੀ ਕਿਸੇ ਵੀ ਸ਼ਿਕਾਇਤ (ਜੇ ਪਤਾ ਹੋਵੇ) ਨੂੰ ਸਾਂਝਾ ਕਰਨਾ ਚਾਹੀਦਾ ਹੈ।

**ਡੀ-ਐਸਕਲੇਸ਼ਨ ਬਾਰੇ ਹੋਰ ਜਾਣਕਾਰੀ ਲਈ:** cisa.gov/de-escalation-series

**ਟਕਰਾਅ ਦੀ ਰੋਕਥਾਮ ਸੰਬੰਧੀ ਵਾਧੂ ਸੋਮੇ:** cisa.gov/conflict-prevention